ਵਿਸ਼ਾ:- ਮਿਤੀ 11.01.2016 ਨੂੰ ਹੋਈ ਸਿਵਲ ਸਰਜਨ ਵੀਡੀਓ ਕਾਨਫਰੰਸ ਦੀ ਪ੍ਰੋਸੀਡਿੰਗ।

ਮਿਤੀ 11.01.2016 ਨੂੰ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਸ੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ ਜੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫਤਰੀ ਕਮਰੇ ਪੰਜਾਬ ਸਿਵਲ ਸਕੱਤਰੇਤ -2 ਵਿਖੇ ਸਿਵਲ ਸਰਜਨ ਵੀਡੀਓ ਕਾਨਫਰੰਸ ਹੋਈ। ਕਾਨਫਰੰਸ ਵਿੱਚ ਐਮ.ਡੀ.ਐਨ.ਐਚ.ਐਮ/ਪੀ.ਐਚ.ਐਸ.ਸੀ ਸ੍ਰੀ ਹੁਸਨ ਲਾਲ ਆਈ.ਏ.ਐਸ, ਵਿਸ਼ੇਸ਼ ਸਕੱਤਰ ਸਿਹਤ ਸ੍ਰੀ ਵਿਕਾਸ ਗਰਗ, ਡੀ.ਐਚ.ਐਸ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ, ਡੀ.ਐਚ.ਐਸ (ਫ.ਵ) ਡਾ: ਊਸ਼ਾ ਬਾਂਸਲ ,ਡਾਇਰੈਕਟਰ ਹੋਮਿਓਪੈਥੀ ਡਾ: ਰਮੇਸ਼ ਸ਼ਾਰਦਾ,ਡਾਇਰੈਕਟਰ ਆਯੂਰਵੇਦਾ ਡਾ: ਰਾਕੇਸ ਸ਼ਰਮਾ, ਅਤੇ ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫਸਰ ਹਾਜ਼ਰ ਹੋਏ।

ਕਾਨਫਰੰਸ ਵਿੱਚ ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ ਆਪਣੇ -ਆਪਣੇ ਜ਼ਿਲ੍ਹੇ ਦੇ ਸੀ.ਐਚ.ਸੀ/ਬਲਾਕ ਇੰਚਾਰਜਾਂ ਸਮੇਤ ਵੀਡੀਓ ਕਾਨਫਰੰਸ ਰਾਹੀ ਜੁੜੇ। ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋ ਜ਼ਿਲ੍ਹਿਆਂ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ/ਨੈਸ਼ਨਲ ਪ੍ਰੋਗਰਾਮਾਂ/ਐਨ.ਐਚ.ਐਮ. ਦੇ ਫੰਡਾਂ ਦਾ ਜ਼ਾਇਜਾ ਲਿਆ ਗਿਆ । ਸਿਵਲ ਸਰਜਨਾਂ ਵੱਲੋਂ ਆਪਣੇ ਆਪਣੇ ਜ਼ਿਲ੍ਹੇ ਨਾਲ ਸਬੰਧਤ ਸਿਹਤ ਪ੍ਰੋਗਰਾਮਾਂ /ਚੱਲ ਰਹੀਆਂ ਗਤੀਵਿਧੀਆਂ ਅਤੇ ਰਿਪੋਰਟਾਂ/ਅੰਕੜਿਆਂ ਆਦਿ ਬਾਰੇ ਦੱਸਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸਟਾਫ ਦੀ ਘਾਟ ਅਤੇ ਹੋਰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ। ਜਿਨ੍ਹਾਂ ਦਾ ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋਂ ਮੌਕੇ ਤੇ ਹੀ ਨਿਪਟਾਰਾ ਕਰਵਾਇਆ ਗਿਆ।

*ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਜੀ ਵੱਲੋਂ ਸਿਵਲ ਸਰਜਨਾਂ ਅਤੇ ਐਸ.ਐਮ.ਓਜ਼ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ:-*

- ਐਨ.ਐਚ.ਐਮ ਦੇ ਫੰਡਾਂ ਦੀ ਸਹੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।ਆਰ.ਸੀ.ਐਚ. ਐਡੀਸ਼ਨੈਲੀਟੀਜ ,ਵੀ.ਐਚ.ਐਸ.ਸੀ ਅਧੀਨ ਉਪਲੱਬਧ ਫੰਡਾਂ ਦੀ ਵਰਤੋਂ/ਖਰਚ ਕਰਨਾ ਸਮੇਂ ਸਿਰ ਸਹੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।
- ਜੇਕਰ ਕਿਸੇ ਕੰਮਪੋਨੈਂਟ ਤੇ ਖਰਚ ਨਹੀਂ ਹੁੰਦਾ ਤਾਂ ਸਟੇਟ ਹੈਡਕੁਆਰਟਰਜ਼ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਫੰਡ ਵਾਪਸ ਲਿਆ ਜਾ ਸਕੇ ਅਤੇ ਲੌੜਵੰਦ ਜ਼ਿਲਿਆਂ ਨੂੰ ਦਿੱਤੇ ਜਾ ਸਕਣ।
- ਅਰਬਨ ਹੈਲਥ ਮਿਸ਼ਨ ਅਧੀਨ ਰੋਗੀ ਕਲਿਆਣ ਸੰਮਤੀਆਂ ਤੁਰੰਤ ਬਿਨ੍ਹਾਂ ਕਿਸੇ ਦੇਰੀ ਤੋ਼ ਰਜਿਸਟਰਡ ਕਰਵਾਈਆਂ ਜਾਣ। ਸੀਨੀਅਰ ਅਧਿਕਾਰੀ/ਇੰਚਾਰਜ ਆਰ.ਕੇ.ਐਸ ਦਾ ਅਕਾਊਂਟ ਅਪਰੇਟ ਕਰਨਗੇ।
- ਸਾਰੇ ਸਿਵਲ ਸਰਜਨ,ਕਾਨਫਰੰਸ ਤੋਂ ਪਹਿਲਾਂ ਸਾਰੇ ਪ੍ਰੋਗਰਾਮਾਂ/ਸਕੀਮਾਂ ਦਾ ਰੀਵਿਊ ਕਰਨ ਉਪਰੰਤ ਹੀ ਕਾਨਫਰੰਸ ਵਿੱਚ ਭਾਗ ਲਿਆ ਕਰਨ।

- ਅਰਬਨ ਹੈਲਥ ਮਿਸ਼ਨ ਅਧੀਨ ਸਟਾਫ ਨਰਸ,ਐਲ.ਟੀ ਆਊਟ ਸੋਰਸ ਏਜੰਸੀ ਤੋਂ ਲੈ ਕੇ ਜਲਦੀ ਹੀ ਭੇਜੇ ਜਾ ਰਹੇ ਹਨ।
- ਜਣੇਪੇ ਤੋਂ ਬਾਅਦ ਮਾਂ ਅਤੇ ਬੱਚੇ ਨੂੰ ਘਰ ਛੱਡਣ ਲਈ ਸਰਕਾਰੀ ਐਬੂਲੈਂਸ ਵਰਤੀ ਜਾਵੇ ਅਤੇ ਮੁਫਤ ਟਰਾਂਸਪੋਰਟ ਦਾ ਖਰਚਾ ਬੁੱਕ ਕਰਨਾ ਯਕੀਨੀ ਬਣਾਇਆ ਜਾਵੇ।
- ਫਰੀ ਗਰਲ ਚਾਈਲਡ, ਜੇ.ਐਸ.ਐਸ.ਕੇ,ਅਧੀਨ ਡਰੱਗਜ਼, ਡਾਇਗਨੋਸਟਿਕ, 0-5 ਸਾਲ ਦੀਆਂ ਬੱਚੀਆਂ ਦਾ ਖਰਚਾ ,ਵਰਕਸ਼ਾਪ ਅਤੇ ਮੀਟਿੰਗਾਂ, ਆਰ.ਬੀ.ਐਸ.ਕੇ ਅਧੀਨ ਖਰਚੇ ਬੁੱਕ ਕਰਨੇ ਯਕੀਨੀ ਬਣਾਏ ਜਾਣ ਅਤੇ ਪਹਿਲੇ 24 ਘੰਟੇ ਐਮਰਜੈਸੀ ਸਹੂਲਤਾਂ ਮੁਫਤ ਮੁਹੱਈਆਂ ਕਰਵਾਈਆਂ ਜਾਣ।
- ਐਫ.ਆਰ.ਯੂ ਨੂੰ ਇਮਪਰੂਵ ਕਰਨ ਸਬੰਧੀ ਲਿਸਟ ਸਟੇਟ ਹੈਡਕੁਆਟਰਜ਼ ਭੇਜੀ ਜਾਵੇ। ਜਿਨ੍ਹਾਂ ਐਫ.ਆਰ. ਯੂ ਦਾ ਕੰਮ ਕਾਫੀ ਘੱਟ ਹੈ ਉਨ੍ਹਾਂ ਦਾ ਨਾਂ ਲਿਸਟ ਵਿਚੋ ਕੱਢ ਦਿੱਤਾ ਜਾਵੇਗਾ।
- ਐਮਰਜੈਸੀ ਡਿਊਟੀ ਤੇ ਤਾਇਨਾਤ ਸਟਾਫ (ਐਮ.ਓ.ਸਟਾਫ ਨਰਸ,ਦਰਜਾ ਚਾਰ) ਨੂੰ ਸਵਾਇੰਨ ਫਲੂ ਦੀ ਵੈਕਸ਼ੀਨ ਲਗਾਉਣੀ ਯਕੀਨੀ ਬਣਾਈ ਜਾਵੇ।
- Deworming Day ਦੇ 10 ਫਰਵਰੀ 2016 ਸਬੰਧੀ ਅਡਵਾਂਸ ਵਿੱਚ ਪ੍ਰੈਸ ਨੋਟ ਦਿੱਤਾ ਜਾਵੇ।
- ਰੀਹੈਬਲੀਟੇਸ਼ਨ ਸੈਟਰਾਂ ਦੀ ਰੈਗੂਲਰ ਮੌਨਟੀਰਿੰਗ ਅਤੇ ਸੁਪਰਵੀਜ਼ਨ ਕੀਤੀ ਜਾਵੇ।
- ਐਮ.ਐਮ.ਯੂ ਫਾਜ਼ਿਲਕਾ ਲਈ ਡਰਾਈਵਰ ਦਾ ਪ੍ਰਬੰਧ ਸਥਾਨਕ ਪੱਧਰ ਤੇ ਆਊਟਸੌਰਸਿੰਗ ਰਾਹੀਂ ਕਰ ਲਿਆ ਜਾਵੇ ਅਤੇ ਇਸ ਸਬੰਧੀ ਸਟੇਟ ਹੈਡਕੁਆਟਰ ਨੂੰ ਵੀ ਸੂਚਿਤ ਕੀਤਾ ਜਾਵੇ।
- ਮਹੀਨਾਵਾਰ ਸਾਰੀਆਂ ਰਿਪੋਰਟਾਂ ਦੀ ਚੈਕ ਲਿਸਟ ਤਿਆਰ ਕੀਤੀ ਜਾਵੇ।
- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਯਾਤਰੂਆਂ ਦੇ ਲੈਬ ਟੈਸਟ ਸੀ.ਐਚ.ਸੀ ਪੱਧਰ ਤੇ ਕਰਵਾਏ ਜਾ ਸਕਦੇ ਹਨ। ਤੀਰਥ ਯਾਤਰਾ ਲਈ ਲੈਬ ਟੈਸਟਾਂ ਦੇ ਖਰਚੇ ਲਈ ਟ੍ਰਾਂਸਪੋਰਟ ਸਕੱਤਰ ਨੂੰ ਲਿਖ ਦਿੱਤਾ ਜਾਵੇ।ਅਡਵਾਂਸ ਫੰਡ ਲੈ ਲਏ ਜਾਣ ਤਾਂ ਜੋ ਕੋਈ ਮੁਸ਼ਕਲ ਪੇਸ਼ ਨਾ ਆਵੇ।
- ਡੀ.ਆਈ.ਈ.ਸੀ ਨੂੰ ਚੰਗੀ ਤਰ੍ਹਾਂ ਚਲਾਇਆ ਜਾਵੇ।
- ਸਕੂਲਾਂ ਦੀ W I F S ਦੀ ਰਿਪੋਰਟ ਨਹੀਂ ਆਉਂਦੀ । ਇਸ ਸਬੰਧੀ ਡੀ.ਸੀ ਨਾਲ ਮੀਟਿੰਗ ਕੀਤੀ ਜਾਵੇ।
- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਦੇ ਕਾਰਡਾਂ ਸਬੰਧੀ ਡੀ.ਸੀ. ਦੀ ਮੀਟਿੰਗ ਵਿੱਚ ਗੱਲ ਕੀਤੀ ਜਾਵੇ।
- ਬਲੱਡ ਸਟੋਰੇਜ਼ ਦਾ ਰੀਵਿਊ ਕੀਤਾ ਜਾਵੇ।
- ਸਿਵਲ ਹਸਪਤਾਲ ਸਰਦੂਲਗੜ੍ਹ ਲਈ ਨਵਾਂ ਮੁਰਦਾ ਘਰ ਬਣਾਇਆ ਜਾਵੇ।

*ਐਮ.ਡੀ, ਐਨ.ਐਚ.ਐਮ/ਪੀ.ਐਚ.ਐਸ.ਸੀ -ਸ੍ਰੀ ਹੁਸਨ ਲਾਲ ਆਈ.ਏ.ਐਸ*

- ਅਰਬਨ ਹੈਲਥ ਮਿਸ਼ਨ ਦੀਆਂ ਰਿਪੋਰਟਾਂ ਸਮੇਂ ਸਿਰ ਭੇਜਣੀਆਂ ਯਕੀਨੀ ਬਣਾਈਆਂ ਜਾਣ।
- ਸਿਵਲ ਸਰਜਨ ਮੋਗਾ ਨੂੰ ਡੀ.ਪੀ.ਐਮ. ਨਾਲ ਗੱਲ ਕਰਕੇ ਰਿਪੋਰਟਾਂ ਨਾ ਭੇਜਣ ਦੇ ਕਾਰਨ ਦੱਸਦੇ ਉਚ ਅਧਿਕਾਰੀਆਂ ਨੂੰ ਕਾਲ ਕਰਨ ਸਬੰਧੀ ਕਿਹਾ ਗਿਆ।
- ਲੁਧਿਆਣਾ ਵਿੱਚ ਆਉਟ ਰੀਚ ਕੈਂਪਾਂ ਸਬੰਧੀ ਬਣਦਾ ਟਾਰਗੇਟ ਪੂਰਾ ਕੀਤਾ ਜਾਵੇ।
- ਪਾਰਟ ਟਾਈਮ ਮੈਡੀਕਲ ਅਫਸਰ ਹੈਡਕੁਆਟਰ ਦੀਆਂ ਗਾਈਡਲਾਈਨਾਂ ਅਨੁਸਾਰ ਲੋਕਲ ਪੱਧਰ ਤੇ ਨੋਟਿਸ ਬੋਰਡ ਤੇ ਨੋਟਿਸ ਲਗਾ ਕੇ 21 ਜਨਵਰੀ ਤੱਕ ਰੱਖ ਲਏ ਜਾਣ। ਇਸ ਸਬੰਧ ਵਿੱਚ ਕਿਸੇ ਵੀ ਮੰਨਜੂਰੀ ਦੀ ਜ਼ਰੂਰਤ ਨਹੀਂ ਹੈ।
- ਜਿਨ੍ਹਾਂ ਸਿਹਤ ਸੰਸਥਾਂਵਾ ਵਿੱਚ ਸ਼ਾਮ ਦੀ ਓ.ਪੀ.ਡੀ. ਸੁਰੂ ਕਰਨੀ ਹੈ ਉਸ ਦੀ ਲਿਸਟ ਵੈਬ-ਸਾਈਟ ਤੇ ਪਾ ਦਿੱਤੀ ਗਈ ਹੈ।
- ਕੁੱਝ ਜ਼ਿਲਿਆਂ ਦੀ ਆਸ਼ਾ ਵਰਕਰਾਂ ਦੀ ਇੰਡਸਕਸ਼ਨ ਟਰੇਨਿੰਗ ਪੈਡਿੰਗ ਹੈ ਤੁਰੰਤ ਟਰੇਨਿੰਗ ਕਰਵਾਈ ਜਾਵੇ।
- ਆਸ਼ਾ ਦੁਆਰਾ ਪੰਜ ਰਜਿਸਟਰਾਂ ਮੇਨਟੇਨ ਕਰਨ ਸਬੰਧੀ ਬਣਦਾ ਇੰਨਸੈਨਟਿਵ ਤੁਰੰਤ ਦਿੱਤਾ ਜਾਵੇ।ਇਸ ਸਬੰਧੀ ਸਾਰੇ ਜ਼ਿਲ੍ਹੇ ਰੀਵਿਊ ਕਰਨ।
- ਆਰ.ਬੀ.ਐਸ.ਕੇ ਅਧੀਨ ਘਰ ਵਿੱਚ ਜਮਾਂਦਰੂ ਨੁਕਸਾਂ ਵਾਲੇ ਬੱਚਿਆਂ ਦੀ ਪਛਾਣ ਕਰਨ ਹਿੱਤ ਆਸ਼ਾ ਵਰਕਰ ਨੂੰ ਬਣਦਾ ਇੰਨਸੈਨਟਿਵ ਜ਼ਰੂਰ ਦਿੱਤਾ ਜਾਵੇ।
- ਆਸ਼ਾ ਵਰਕਰ ਨੂੰ ਹੋਮ ਵੇਸਡ ਨਿਊ ਬੋਰਨ ਕੇਅਰ ਦੇ ਬਣਦੇ ਇੰਨਸੈਨਟਿਵ ਦਿੱਤੇ ਜਾਣ।
- ਸਟਾਫ ਦੀ ਡਿਊਟੀ ਸਬੰਧੀ 104 ਤੇ ਸ਼ਿਕਾਇਤਾ ਆ ਰਹੀਆਂ ਹਨ। ਇਸ ਲਈ ਡਿਊਟੀ ਤੇ ਸਹੀ ਸਮੇਂ ਦਾ ਪਾਬੰਦ ਰਿਹਾ ਜਾਵੇ।
- ਬਾਇਓ ਮੈਡੀਕਲ ਵੇਸਟ ਦਾ ਨਿਪਟਾਰਾ ਪੀ.ਪੀ.ਸੀ.ਬੀ ਦੀਆਂ ਗਾਈਡਲਾਈਨਜ ਅਨੁਸਾਰ ਕੀਤਾ ਜਾਵੇ।
- ਯੂਜਰ ਚਾਰਜਸ ਵਿੱਚੋਂ ਐਮ.ਕੇ.ਐਚ ਪਟਿਆਲਾ ਵਿਚ ਘੱਟੋ-ਘੱਟ ਅੱਠਵੀਂ ਪਾਸ ਲਿਫਟ ਅਪਰੇਟਰ ਰੱਖ ਲਿਆ ਜਾਵੇ।
- ਇਕਊਪਮੈਂਟ ਦੀ ਫਾਈਨਲ ਡੀਮਾਂਡ ਭੇਜੀ ਜਾਵੇ।

*ਡੀ.ਐਚ.ਐਸ -ਡਾ: ਹਰਿੰਦਰਪਾਲ ਸਿੰਘ ਬਾਲੀ*

- ਸਵਾਇਨ ਫਲੂ ਦੇ ਸਬੰਧੀ ਪੂਰੀ ਚੌਕਸੀ ਵਰਤੀ ਜਾਵੇ।ਵੱਖਰੇ ਵਾਰਡ ਬਣਾ ਲਏ ਜਾਣ। ਸਵਾਇਨ ਫਲੂ ਨਾਲ ਨਿਪਟਣ ਲਈ ਟੇਮੀ ਫਲੂ ਦਵਾਈ ਦੇ ਪ੍ਰਬੰਧ ਕਰ ਲਏ ਗਏ ਹਨ।
- ਸਵਾਇਨ ਫਲੂ ਵਿੱਚ IEC/BCC ਗਤੀਵਿਧੀਆਂ ਪ੍ਰਭਾਵੀ ਢੰਗ ਨਾਲ ਕੀਤੀਆਂ ਜਾਣ।
- ਮੈਡੀਕਲ ਕਾਲਜ ਫਰੀਦਕੋਟ ਵਿੱਚ ਐਨ.ਆਈ.ਸੀ ਯੂ ਅਤੇ ਸਵਾਇੰਨ ਫਲੂ ਸਬੰਧੀ ਵਾਰਡ ਨਾਲ ਨਾਲ ਹਨ। ਸਿਵਲ ਸਰਜਨ ਫਰੀਦਕੋਟ ਮੈਡੀਕਲ ਕਾਲਜ ਵਿੱਚ ਜਾ ਕੇ ਐਨ.ਆਈ.ਸੀ ਯੂ ਤੋਂ ਸਵਾਇਨ ਫਲੂ ਵਾਰਡ ਵੱਖ ਕਰਵਾਉਣ ਲਈ ਕਾਰਵਾਈ ਆਰੰਭੀ ਜਾਵੇ।
- ਵਾਰਡਾਂ ਵਿੱਚ ਪਏ ਪੁਰਾਣੇ ਸ਼ਕਸ਼ਨ ਕੈਨੂਲਾ ਬਦਲ ਦਿੱਤੇ ਜਾਣੇ।
- ਸਕੂਲੀ ਬੱਚਿਆ ਦੇ ਲਈ ਨਜਰ਼ ਦੀਆਂ ਐਨਕਾਂ ਦੀ ਡਿਮਾਂਡ ਸਟੇਟ ਹੈਡਕੁਆਟਰਜ਼ ਤੇ ਭੇਜੀ ਜਾਵੇ।
- ਜਨਤਕ ਥਾਵਾਂ ਤੇ ਤੰਬਾਕੂ ਚਬਾਉਣ ਅਤੇ ਥੁੱਕਣ ਤੇ ਰੋਕ ਲਗਵਾਉਣ ਵਾਸਤੇ ਯੋਗ ਉਪਰਾਲੇ ਕੀਤੇ ਜਾਣ।
- ਸਮੂਹ ਸਿਵਲ ਸਰਜਨ, ਸੀਨੀਅਰ ਮੈਡੀਕਲ ਅਫਸਰ ਅਤ਼ੇ ਮੈਡੀਕਲ ਅਫਸਰ ਦੁਆਰਾ ਆਪਣਾ ਹੈਡਕੁਆਟਰ ਮੈਨਟੇਨ ਕੀਤਾ ਜਾਵੇ।
- ਐਮਰਜੈਂਸੀ ਵਿਚ ਮਰੀਜ ਦਾ ਤੁਰੰਤ ਇਲਾਜ ਕੀਤਾ ਜਾਵੇ।
- ਏ.ਸੀ.ਆਰ ਅਤੇ ਪਰਾਪਰਟੀ ਰਿਟਰਨਾਂ ਠੀਕ ਸਮੇਂ ਸਿਰ ਭੇਜੀਆਂ ਜਾਣ।
- ਐਮਰਜੈਸ਼ੀ ਵਿੱਚ ਦਵਾਈਆਂ ਅਪ-ਟੂ ਡੇਟ ਹੋਣੀਆਂ ਚਾਹੀਦੀਆਂ ਹਨ। ਮਿਆਦ ਖਤਮ ਦਵਾਈਆਂ ਨਹੀਂ ਹੋਣੀਆਂ ਚਾਹੀਦੀਆਂ। ਬੀ.ਪੀ ਅਪਰੇਟਸ ਠੀਕ ਹੋਣੇ ਚਾਹੀਦੇ ਹਨ।
- ਬਾਥਰੂਮਾਂ ਵਿੱਚ ਲਾਈਟ ਅਤੇ ਸਫਾਈ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਕੁੱਝ ਬਲਬ ਵਾਧੂ ਰੱਖ ਲਏ ਜਾਣ।
- ਸਿਵਲ ਸਰਜਨ ਰੋਪੜ ਧਿਆਨ ਦੇਣ ਕਿ ਸਿਵਲ ਹਸਪਤਾਲ ਦੇ ਮੈਡੀਕਲ ਵਾਰਡ ਖਾਲੀ ਨਹੀਂ ਹੋਣੇ ਚਾਹੀਦੇ।

ਡਾਇਰੈਕਟਰ ਪਰਿਵਾਰ ਭਲਾਈ – ਡਾ: ਊਸ਼ਾ ਬਾਂਸਲ

- ਕੋਈ ਵੀ ਮਰੀਜ਼ ਚੈੱਕ ਕੀਤੇ ਬਿਨ੍ਹਾਂ, ਨਾ ਰੈਫਰ ਕੀਤਾ ਜਾਵੇ।
- ਥਾਇਰਾਈਡ ਦਾ ਟੈਸਟ ਕਰਨ ਲਈ ਕਿੰਨਾ ਰੀਜੈਂਟ ਚਾਹੀਦਾ ਹੈ। ਇਸ ਸਬੰਧੀ ਗਾਇਨਾਕੋਲੋਜਿਸਟ ਦੀ ਰਾਇ 2 ਦਿਨਾਂ ਦੇ ਅੰਦਰ ਅੰਦਰ ਸਟੇਟ ਹੈਡਕੁਆਟਰ ਨੂੰ ਭੇਜੀ ਜਾਵੇ।
- ਤੀਜੇ ਸਾਲ ਵਾਲੀਆਂ ਇੰਨਟਰਨਜ਼ ਸਟਾਫ ਨਰਸ਼ਾਂ ਜਿਨੀਆਂ ਭੇਜਦੇ ਹਾਂ ਉਨ੍ਹਾਂ ਤੋਂ ਸਹੀ ਡਿਊਟੀ ਕਰਵਾਈ ਜਾਵੇ ਅਤੇ ਨਾਈਟ ਡਿਊਟੀ ਵੀ ਕਰਵਾਈ ਜਾਵੇ।
- ਹਾਈਰਿਸਕ ਪਰੈਗਨੈਂਸੀ ਦੇ ਚਾਰਟ ਓ.ਪੀ.ਡੀ ਅਤੇ ਐਂਟਰੀਗੇਟ ਤੇ ਲੱਗੇ ਹੋਣੇ ਚਾਹੀਦੇ ਹਨ।
- Mesoprostol ਦੀ ਡਿਮਾਂਡ ਭੇਜੀ ਜਾਵੇ।
- ਨਾਰਮਲ ਜਣੇਪੇ ਵਿੱਚ 48 ਘੰਟੇ ਤ੍ਹੋ ਬਾਅਦ ਹੀ ਮਾਂ ਨੂੰ ਘਰ ਭੇਜਿਆ ਜਾਵੇ।
- ਹਾਈਰਿਸਕ ਗਰਭਵਤੀ ਔਰਤਾਂ ਦੀ ਲਿਸਟ ਐਸ.ਐਮ.ਓ ਦੇ ਟੇਬਲ ਤੇ ਹੋਣੀ ਚਾਹੀਦੀ ਹੈ।
- ਸਾਰੇ ਐਮ.ਓਜ਼ ਦੇ ਬੈਚ ਮਾਰਕ ਰੀਵਿਊ ਕੀਤੇ ਜਾਣ।
- ਜਿਹੜੇ ਇੰਕਊਪਮੈਂਟ ਦੀ ਈ.ਐਸ.ਆਈ ਵਿੱਚ ਵਰਤੋਂ ਨਹੀਂ ਹੁੰਦੀ ਉਹ ਅਗਲੇ ਸਮੇਂ ਤੱਕ ਸਿਵਲ ਹਸਪਤਾਲ ਵਿੱਚ ਵਰਤ ਲਏ ਜਾਣ।

*ਐਮ.ਸੀ.ਐਚ*

- ਜੇਕਰ ਗਰਭਵਤੀ ਔਰਤ ਦਾ ਬੈਂਕ ਖਾਤਾ ਨਹੀਂ ਹੈ ਤਾਂ ਜੇ ਐਸ ਵਾਈ ਦੀ ਪੇਮੈਂਟ ਉਸ ਦੇ ਪਤੀ ਦੇ ਖਾਤੇ ਵਿੱਚ ਪਾ ਦਿੱਤੀ ਜਾਵੇ।

ਟੀਕਾਕਰਣ

- ਆਈ.ਪੀ.ਵੀ ਦੀ ਵੱਖਰੀ ਰਿਪੋਰਟ ਹਰ ਮਹੀਨੇ ਦੀ 5 ਤਾਰੀਖ ਤੱਕ ਸਟੇਟ ਹੈਡਕੁਆਟਰ ਭੇਜਣੀ ਯਕੀਨੀ ਬਣਾਈ ਜਾਵੇ।
- 17 ਜਨਵਰੀ 2016 ਨੂੰ ਕੌਮੀ ਪੱਲਸ ਪੋਲੀਓ ਡੇ ਹੈ। ਇਸ ਐਕਟੀਵੀਟੀ ਦਾ ਸਮਾਂ ਸਵੇਰੇ 9 ਵਜੇ ਤ੍ਹੋ ਸਾਮ 3 ਵਜ੍ਹੇ ਤੱਕ ਹੈ।ਵੈਕਸੀਨ ਟ੍ਰਾਈਵੇਲੈਟ ਹੈ। ਇਸ ਸਬੰਧੀ ਆਈ ਬੀ.ਸੀ/ ਬੀ.ਸੀ.ਸੀ ਗਤੀਵਿਧੀਆਂ ਸਮੇਂ ਸਿਰ ਕਰ ਲਈਆਂ ਜਾਣ।

## ਕੈਂਸਰ ਕੰਟਰੋਲ ਪ੍ਰੋਗਰਾਮ

- ਸਿਵਲ ਸਰਜਨ ਸਾਰੀਆਂ ਫਾਈਲਾਂ ਨੂੰ ਸਕਰੂਟੀਨਾਈਜ਼ ਕਰਕੇ ਭੇਜਣ। ਸਾਰੀਆਂ ਫਾਈਲਾਂ ਮੁਕੰਮਲ ਕਰਕੇ ਭੇਜੀਆਂ ਜਾਣ। ਅਧੂਰੀਆਂ ਫਾਈਲਾਂ ਸਟੇਟ ਹੈਡਕੁਆਟਰ ਨੂੰ ਨਾ ਭੇਜੀਆਂ ਜਾਣ।

## ਏਡਜ਼ ਕੰਟਰੋਲ ਪ੍ਰੋਗਰਾਮ

- ਲੋਪੋਕੇ (ਅੰਮ੍ਰਿਤਸਰ) ਗੋਨਿਆਣਾ (ਬਠਿੰਡਾ) ਵਿਖੇ ਕਾਊਂਸਲਰ ਨੂੰ ਜਗ੍ਹਾ ਦਿੱਤੀ ਜਾਵੇ।

## **NVBDCP ਅਤੇ IDSP**

- ਮਲੇਰੀਆਂ ਸਬੰਧੀ ਸਰਵੇਖਣ ਮਜਬੂਤ ਕੀਤਾ ਜਾਵੇ।
- ਮਲੇਰੀਆਂ ਸਲਾਈਡਾਂ ਸਬੰਧੀ ਆਸ਼ਾ ਵਰਕਰ ਨੂੰ ਬਣਦਾ ਇੰਨਸੈਨਟਿਵ ਦਿੱਤਾ ਜਾਵੇ।
- ਡੇਂਗੂ ਟੈਸਟ ਕਿੱਟਾਂ ਦੀ ਡਿਮਾਂਡ ਭੇਜੀ ਜਾਵੇ।
- IDSP ਲੈਬ ਵਿੱਚ ਸਬੰਧਿਤ ਲੈਬ ਟੈਸਟ ਜ਼ਰੂਰ ਭੇਜੇ ਜਾਣ।

## ਪਰਿਵਾਰ ਭਲਾਈ

- ਪੀ.ਪੀ.ਆਈ.ਯੂ.ਸੀ.ਡੀ ਦਾ ਬਣਦਾ ਟਾਰਗੇਟ ਪੂਰਾ ਕੀਤਾ ਜਾਵੇ।
- ਆਸ਼ਾ ਵਰਕਰ ਨੂੰ ਪੀ.ਪੀ.ਆਈ.ਯੂ.ਸੀ.ਡੀ ਦਾ ਬਣਦਾ ਇੰਨਸੈਨਟਿਵ ਜ਼ਰੂਰ ਦਿੱਤਾ ਜਾਵੇ।
- ਨਸਬੰਦੀ/ਨਸਬੰਦੀ ਦੇ ਫੇਲ ਕੇਸ਼ਾਂ ਦੀ ਰਿਪੋਰਟ ਦੋ ਦਿਨਾਂ ਵਿੱਚ ਭੇਜੀ ਜਾਵੇ। ਸਮੂਹ ਸਿਵਲ ਸਰਜਨ ਨੂੰ ਡੀ.ਓ ਰਾਂਹੀ ਸੂਚਿਤ ਕੀਤਾ ਜਾਵੇ।

## *ਪੀ.ਐਨ.ਡੀ.ਟੀ*

- 3 ਫਰਵਰੀ 2016 ਨੂੰ ਸਟੇਟ ਸੁਪਰਵਾਈਜਰੀ ਬੋਰਡ ਦੀ ਮੀਟਿੰਗ ਹੋਵੇਗੀ।
- ਰਜਿਸਟਰਡ ਅਲਟਰਾਂਸਾਊਡ ਸੈਟਰਾਂ ਦੀ ਚੈਕਿੰਗ  ਕੀਤੀ ਜਾਵੇ।
- ਭਰੂਣ ਦਾ ਲਿੰਗ ਪਤਾ ਨਹੀਂ ਕੀਤਾ ਜਾ ਸਕਦਾ। ਇਸ ਸਬੰਧੀ ਬਕਾਇਦਾ ਬੋਰਡ ਜ਼ਰੂਰ ਲਗਵਾਏ ਜਾਣ।
- ਅਲਟਰਾਂਸਾਓਡ ਸੈਟਰਾਂ ਦੀ ਮੈਪਿੰਗ ਕਰਵਾਈ ਜਾਵੇ।

- ਪੀ.ਐਨ.ਡੀ.ਟੀ ਐਕਟ ਸਬੰਧਿਤ ਅਧਿਕਾਰੀ ਇੱਕੇਠੇ ਬੈਠ ਕੇ ਚੰਗੀ ਤਰ੍ਹਾਂ ਡਿਸਕਸ ਕਰ ਲੈਣ।
- 13 ਜਨਵਰੀ 2016 ਨੂੰ ਧੀਆਂ ਦੀ ਲੋਹੜੀ ਮਨਾਈ ਜਾਵੇ।

*ਚੌਕਸੀ ਵਿੰਗ ,ਦਫਤਰ ਡੀ.ਐਚ.ਐਸ*

- ਸੰਗਤ ਦਰਸ਼ਨ ਦੌਰਾਨ ਹੋਈਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।
- 22 ਸ਼ਿਕਾਇਤਾਂ ਪੈਡਿੰਗ ਹਨ।
- ਗਰੁੱਪ ਏ ਅਤੇ ਬੀ ਦੀਆਂ ਪਰਾਪਰਟੀ ਰਿਟਰਨਾਂ ਤੁਰੰਤ ਮੁੱਖ ਦਫਤਰ ਭੇਜੀਆਂ ਜਾਣ।ਪਰਾਪਰਟੀ ਰਿਟਰਨਾਂ 15 ਸਤੰਬਰ ਤੱਕ ਦੇਣੀਆਂ ਸਨ।ਇਸ ਸਬੰਧੀ ਜ਼ਿਲ੍ਹੇਵਾਰ ਡੀ ਓ ਬਣਾ ਕੇ ਸਿਵਲ ਸਰਜਨ ਨੂੰ ਦੱਸ ਦਿੱਤਾ ਜਾਵੇ।

*ਆਰ.ਐਨ.ਟੀ.ਸੀ.ਪੀ*

- ਟੀ.ਬੀ ਨੋਟੀਫਾਈਏਬਲ ਡਿਸੀਜ਼ ਹੈ।ਇਸ ਸਬੰਧੀ ਪ੍ਰਾਈਵੇਟ ਡਾਕਟਰਾਂ ਨੂੰ ਜਾਗਰੂਕ ਕਰਨ ਉਪਰੰਤ ਮਹੀਨਾਵਾਰ ਰਿਪੋਰਟਾਂ ਲਈਆਂ ਜਾਣ।
- ਬਠਿੰਡਾ ਵਿਖੇ ਡੀ.ਟੀ.ਓ ਲਗਾਇਆ ਜਾਵੇ।
- ਰਿਪੋਰਟਾਂ ਸਮੇਂ ਸਿਰ ਭੇਜੀਆਂ ਜਾਣ।

*ਆਰ.ਕੇ.ਐਸ.ਕੇ*

- 10 ਫਰਵਰੀ 2016 ਨੂੰ ਡੀਵਾਰਮਿੰਗ ਡੇ ਹੈ। ਇਸ ਸਬੰਧੀ 1-19 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਕਵਰ ਕਰਨਾ।ਇਕ ਹਫਤੇ ਵਿੱਚ ਡੀ.ਸੀ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਜਾਵੇ।
- 31 ਜਨਵਰੀ 2016 ਤੱਕ ਹਰ ਸਿਹਤ ਸੰਸਥਾਂ ਵਿੱਚ ਐਲਬੈਂਡਾਜ਼ੋਲ ਦੀਆਂ ਗੋਲੀਆਂ ਪਹੁੰਚ ਜਾਣਗੀਆਂ।
- WHO ਦੇ ਅਨੁਸਾਰ ਬਣਦੇ ਟਾਰਗੇਟ ਦਾ 80% ਤੋਂ ਵੱਧ ਕਵਰ ਕੀਤਾ ਜਾਵੇ।

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ